# ਕੰਮ ਕਰਨ ਦੀ ਥਾਂ ਤੇ

# ਧਰਮ, ਨਸਲ ਜਾਂ ਮੂਲ ਦੇਸ ਆਧਾਰਤ ਵਿਤਕਰਾ

11 ਸਿਤੰਬਰ ਦੀਆਂ ਦੁਖਦਾਈ ਘਟਨਾਵਾਂ ਲਈ ਜੁੰਮੇਵਾਰ ਲੋਕਾਂ ਦੇ ਖਿਲਾਫ ਗੁੱਸੇ ਨੂੰ ਧਰਮ, ਨਸਲ ਅਤੇ ਮੂਲ ਦੇਸ ਦੇ ਆਧਾਰ ਤੇ ਬੇਕਸੂਰ ਲੋਕਾਂ ਦੇ ਉੱਪਰ ਨਹੀਂ ਕੱਢਣਾ ਚਾਹੀਦਾ। ਕੰਮ ਕਰਨ ਵਾਲੀ ਥਾਂ ਤੇ ਗੈਰ ਕੰਨੂਨੀ ਵਿਤਕਰੇ ਨੂੰ ਰੋਕਣ ਵਿਚ ਮਾਲਕਾਂ ਅਤੇ ਮਜ਼ਦੂਰ ਸੰਘਾਂ ਦੀ ਖਾਸ ਭੂਮਿਕਾ ਹੈ।

1964 ਦੇ ਸਿਵਿਲ ਰਾਈਟਸ ਐਕਟ ਦੇ ਟਾਈਟਲ VII ਅਨੁਸਾਰ ਕੰਮ ਕਰਨ ਵਾਲੀ ਥਾਂ ਤੇ ਧਰਮ, ਮੂਲ ਦੇਸ, ਨਸਲ, ਰੰਗ ਜਾਂ ਲਿੰਗ ਭੇਦ ਦੇ ਆਧਾਰ ਤੇ ਵਿਤਕਰਾ ਕਰਨਾ ਮਨ੍ਹਾ ਹੈ। ਇਸ ਵੇਲੇ ਮਾਲਕਾਂ ਅਤੇ ਮਜ਼ਦੂਰ ਯੂਨੀਅਨਾਂ ਨੂੰ ਉਹਨਾਂ ਵਿਅਕਤੀਆਂ ਦੇ ਵਿਰੁਧ ਵਿਤਕਰਾ ਕਰਨ ਜਾਂ ਪਰੇਸ਼ਾਨ ਕਰਨ ਦੀ ਸੰਭਾਵਨਾ ਤੇ ਖਾਸ ਧਿਆਨ ਦੇਣਾ ਚਾਹੀਦਾ ਹੈ ਜਿਹੜੇ ਮੁਸਲਮਾਨ, ਅਰਬ, ਅਫਗਾਨੀ, ਮੱਧ-ਪੂਰਬ ਵਾਸੀ ਜਾਂ ਦੱਖਣੀ-ਏਸ਼ੀਆ ਵਾਸੀ (ਪਾਕਿਸਤਾਨੀ, ਭਾਰਤੀ ਆਦਿ) ਹਨ ਜਾਂ ਜਿਨ੍ਹਾਂ ਨੂੰ ਇਹਨਾਂ ਦੇਸਾਂ ਦਾ ਮੂਲ ਵਾਸੀ ਸਮਝਿਆ ਜਾਂਦਾ ਹੈ।

ਕੰਨੂਨ ਦੁਆਰਾ ਵਰਜਤ ਗੱਲਾਂ ਵਿਚ ਹੇਠ ਲਿੱਖੀਆਂ ਚੀਜ਼ਾਂ ਦੇ ਆਧਾਰ ਤੇ ਕਿਸੇ ਨੂੰ ਪਰੇਸ਼ਾਨ ਕਰਨਾ ਜਾਂ ਉਸ ਉੱਪਰ ਕੰਮ ਸਬੰਧੀ ਕੋਈ ਕਾਰਵਾਈ ਕਰਨਾ ਵੀ ਸ਼ਾਮਲ ਹੈ:

- **ਸਬੰਧ:** ਕਿਸੇ ਵਿਅਕਤੀ ਨੂੰ ਇਸ ਕਾਰਨ ਪਰੇਸ਼ਾਨ ਕਰਨਾ ਜਾਂ ਉਸ ਨਾਲ ਕੋਈ ਹੋਰ ਵਿਤਕਰਾ ਕਰਨਾ ਕਿਉਂਕਿ ਉਸਦੇ ਸਬੰਧ ਕਿਸੇ ਖਾਸ ਧਾਰਮਕ ਜਾਂ ਨਸਲੀ ਗਰੁਪ ਨਾਲ ਹਨ। ਉਦਾਹਰਨ ਲਈ, ਕਿਸੇ ਇਸਤਰੀ ਨੂੰ ਇਸ ਕਾਰਨ ਪਰੇਸ਼ਾਨ ਕਰਨਾ ਕਿਉਂਕਿ ਉਹ ਅਰਬ ਹੈ ਜਾਂ ਇਸਲਾਮ ਵਿਚ ਵਿਸ਼ਵਾਸ ਰੱਖਦੀ ਹੈ, ਜਾਂ ਕਿਸੇ ਕਰਮਚਾਰੀ ਨੂੰ ਇਸ ਕਰਕੇ ਘੱਟ ਪੈਸੇ ਦੇਣਾ ਕਿਉਂਕਿ ਉਹ ਮੱਧ-ਪੂਰਬ ਤੋਂ ਹੈ।

- **ਸਰੀਰਕ ਜਾਂ ਸਾਂਸਕਰਿਤਕ ਵਿਸ਼ੇਸ਼ਤਾਵਾਂ ਅਤੇ ਪੈਹਰਾਵਾ:** ਕਿਸੇ ਬੰਦੇ ਨੂੰ ਉਸ ਦੀਆਂ ਸਰੀਰਕ, ਸਾਂਸਕਰਿਤਕ ਜਾਂ ਭਾਸ਼ਾ ਸਬੰਧੀ ਵਿਸ਼ੇਸ਼ਤਾਵਾਂ (ਜਿਵੇਂ ਬੋਲਣ ਦਾ ਢੰਗ ਜਾਂ ਕਿਸੇ ਧਰਮ, ਨਸਲ ਜਾਂ ਮੂਲ ਦੇਸ ਨਾਲ ਸਬੰਧਤ ਪੁਸ਼ਾਕ) ਕਾਰਨ ਪਰੇਸ਼ਾਨ ਕਰਨਾ ਜਾਂ ਉਸ ਨਾਲ ਕੋਈ ਹੋਰ ਵਿਤਕਰਾ ਕਰਨਾ। ਉਦਾਹਰਨ ਲਈ ਕਿਸੇ ਇਸਤਰੀ ਨੂੰ ਇਸ ਲਈ ਪਰੇਸ਼ਾਨ ਕਰਨਾ ਕਿਉਂਕਿ ਉਸ ਨੇ ਹਿਜਬ (ਸਰੀਰ ਅਤੇ/ਜਾਂ ਸਿਰ ਨੂੰ ਕੱਜਣ ਲਈ ਕੁਝ ਮੁਸਲਮਾਨਾਂ ਰਾਹੀਂ ਪਾਇਆ ਜਾਣ ਵਾਲਾ ਵਸਤਰ) ਪਾਇਆ ਹੋਇਆ ਹੈ, ਜਾਂ ਕਿਸੇ ਆਦਮੀ ਨੂੰ ਇਸ ਕਾਰਨ ਕੰਮ ਨਾ ਦੇਣਾ ਕਿਉਂਕਿ ਉਸ ਦਾ ਰੰਗ ਕਾਲਾ ਹੈ ਜਾਂ ਉਸ ਦੇ ਬੋਲਣ ਦੇ ਢੰਗ ਤੋਂ ਉਹ ਅਰਬ ਲਗਦਾ ਹੈ।

- **ਪਰਤੀਤ ਹੋਣਾ:** ਕਿਸੇ ਬੰਦੇ ਨੂੰ ਇਸ ਕਾਰਨ ਪਰੇਸ਼ਾਨ ਕਰਨਾ ਜਾਂ ਉਸ ਨਾਲ ਕੋਈ ਹੋਰ ਵਿਤਕਰਾ ਕਰਨਾ ਕਿਉਂਕਿ ਉਹ ਕਿਸੇ ਖਾਸ ਨਸਲ, ਮੂਲ ਦੇਸ ਜਾਂ ਧਾਰਮਕ ਗਰੁਪ ਦਾ ਪਰਤੀਤ ਹੁੰਦਾ ਹੈ, ਭਾਵੇਂ ਇਹ ਅਨੁਭੂਤੀ ਸਹੀ ਹੋਵੇ ਜਾਂ ਗਲਤ। ਉਦਾਹਰਨ ਲਈ, ਕਿਸੇ ਹਿਸਪਾਨਕ ਵਿਅਕਤੀ ਨੂੰ ਪਾਕਿਸਤਾਨੀ ਸਮਝ ਕੇ ਕੰਮ ਤੇ ਨਾ ਰੱਖਣਾ ਜਾਂ ਕਿਸੇ ਪਗੜੀ ਪਾਏ ਸਿੱਖ ਨੂੰ ਮੁਸਲਮਾਨ ਸਮਝ ਕੇ ਤੰਗ ਕਰਨਾ।

- **ਮੇਲ ਜੋਲ:** ਕਿਸੇ ਵਿਅਕਤੀ ਨੂੰ ਇਸ ਲਈ ਪਰੇਸ਼ਾਨ ਕਰਨਾ ਜਾਂ ਉਸ ਨਾਲ ਕੋਈ ਹੋਰ ਵਿਤਕਰਾ ਕਰਨਾ ਕਿਉਂਕਿ ਉਸ ਦਾ ਮੇਲ ਜੋਲ ਕਿਸੇ ਖਾਸ ਧਰਮ ਜਾਂ ਨਸਲ ਦੇ ਬੰਦੇ ਜਾਂ ਸੰਸਥਾ ਨਾਲ ਹੈ। ਉਦਾਹਰਨ ਲਈ ਕਿਸੇ ਕਰਮਚਾਰੀ ਨੂੰ ਇਸ ਲਈ ਤੰਗ ਕਰਨਾ ਕਿਉਂਕਿ ਉਸ ਦਾ ਪਤੀ ਅਫਗਾਨਿਸਤਾਨ ਤੋਂ ਹੈ ਜਾਂ ਕਿਸੇ ਕਰਮਚਾਰੀ ਨੂੰ ਇਸ ਲਈ ਤਰੱਕੀ ਦੇਣ ਤੋਂ ਇਨਕਾਰ ਕਰ ਦੇਣਾ ਕਿਉਂਕਿ ਉਹ ਮਸਜਿਦ ਜਾਂਦਾ ਹੈ।

## ਪਰੇਸ਼ਾਨ ਕਰਨਾ

ਮਾਲਕਾਂ ਦਾ ਫਰਜ਼ ਹੈ ਕਿ ਉਹ ਕੰਮ ਕਰਨ ਦੀ ਥਾਂ ਨੂੰ ਅਜੇਹਾ ਬਨਾਉਣ ਜਿੱਥੇ ਮੂਲ ਦੇਸ, ਨਸਲ ਜਾਂ ਧਰਮ ਦੇ ਆਧਾਰ ਤੇ ਭੇਦ ਭਾਵ ਨਾ ਹੋਵੇ। ਉਹਨਾਂ ਦੀ ਜ਼ੁੰਮੇਵਾਰੀ ਕੇਵਲ ਸੁਪਰਵਾਈਜ਼ਰਾਂ ਦੁਆਰਾ ਕੀਤੇ ਗਏ ਵਿਤਕਰੇ ਲਈ ਹੀ ਨਹੀਂ ਹੈ ਬਲਕਿ ਉਹਨਾਂ ਦੂਜੇ ਕਰਮਚਾਰੀਆਂ ਅਤੇ ਗੈਰ-ਕਰਮਚਾਰੀਆਂ ਦੁਆਰਾ ਕੀਤੇ ਵਿਤਕਰੇ ਲਈ ਵੀ ਹੈ ਜਿਹੜੇ ਉਹਨਾਂ ਦੇ ਕੰਟਰੋਲ ਥੱਲੇ ਹਨ। ਮਾਲਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਸਾਰੇ ਕਰਮਚਾਰੀਆਂ ਨੂੰ ਲਿਖਤ ਪਾਲਿਸੀ ਦੇ ਰੂਪ ਵਿਚ ਜਾਂ ਕਿਸੇ ਹੋਰ ਵਾਜਬ ਢੰਗ ਨਾਲ ਇਹ ਦੱਸ ਦੇਣ ਕਿ ਕਿਸੇ ਨਸਲੀ ਜਾਂ ਧਾਰਮਕ ਗਰੁਪ ਨੂੰ ਪਰੇਸ਼ਾਨ ਕਰਨ ਵਾਲੀ ਕੋਈ ਵੀ ਚੀਜ਼ (ਜਿਵੇਂ ਨਸਲ ਦੇ ਆਧਾਰ ਤੇ ਇਲਜ਼ਾਮ ਲਗਾਉਣਾ ਜਾਂ ਕੋਈ ਹੋਰ ਅਜੇਹੀ ਜ਼ਬਾਨੀ ਜਾਂ ਸਰੀਰਕ ਹਰਕਤ) ਕਰਨਾ ਮਨ੍ਹਾ ਹੈ ਅਤੇ ਕਰਮਚਾਰੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਨਾਲ ਕੰਮ ਕਰਨ ਵਾਲੇ ਦੂਜੇ ਵਰਕਰਾਂ ਦੇ ਹੱਕਾਂ ਦੀ ਇਜ਼ੱਤ ਕਰਨ। ਇਸ ਤੋਂ ਇਲਾਵਾ, ਤੰਗ ਕਰਨ ਦੀਆਂ ਸ਼ਿਕਾਇਤਾਂ ਉਪੱਰ ਕਾਰਵਾਈ ਕਰਨ ਬਾਰੇ ਵੀ ਮਾਲਕਾਂ ਦੀ ਇਕ ਕਾਰਗਰ ਅਤੇ ਸਾਫ ਤੌਰ ਤੇ ਬਿਆਨ ਕੀਤੀ ਹੋਈ ਪਾਲਿਸੀ ਹੋਣੀ ਚਾਹੀਦੀ ਹੈ। ਮੈਨੇਜਰਾਂ ਨੂੰ ਇਸ ਗੱਲ ਦੀ ਟਰੇਨਿੰਗ ਦਿੱਤੀ ਜਾਣੀ ਚਾਹੀਦੀ ਹੈ ਕਿ ਸ਼ਿਕਾਇਤ ਨਾ ਮਿਲਣ ਤੇ ਵੀ ਉਹ ਅਜੇਹੀਆਂ ਤੰਗ ਕਰਨ ਵਾਲੀਆਂ ਹਰਕਤਾਂ ਨੂੰ ਪੱਛਾਣ ਸੱਕਣ ਅਤੇ ਉਨ੍ਹਾਂ ਦੇ ਖਿਲਾਫ ਕਾਰਗਰ ਕਾਰਵਾਈ ਕਰ ਸੱਕਣ।

## ਧਾਰਮਕ ਉਦਾਰਤਾ

'ਟਾਈਟਲ VII' ਇਕ ਮਾਲਕ ਕੋਲੋਂ ਇਹ ਮੰਗ ਕਰਦਾ ਹੈ ਕਿ ਉਹ ਆਪਣੇ ਕਰਮਚਾਰੀ ਜਾਂ ਹੋਣ ਵਾਲੇ ਕਰਮਚਾਰੀ ਦੀਆਂ ਧਾਰਮਕ ਰੀਤਾਂ ਨਾਲ ਵਾਜਬ ਹੱਦ ਤਕ ਸਮਝੌਤਾ ਕਰੇ, ਜੇ ਇਸ ਨਾਲ ਮਾਲਕ ਨੂੰ ਅਸਾਧਾਰਨ ਨੁਕਸਾਨ ਨਾ ਹੁੰਦਾ ਹੋਵੇ। ਵਰਕਰ ਨੂੰ ਧਾਰਮਕ ਰੀਤੀ ਰਿਵਾਜਾਂ ਦੀ ਪਾਲਣਾ ਲਈ ਛੁੱਟੀ ਦੇਣਾ, ਪੂਜਾ ਲਈ ਸਮਾਂ ਅਤੇ/ਜਾਂ ਥਾਂ ਦੇਣਾ ਅਤੇ ਧਾਰਮਕ ਪੈਹਰਾਵਾ ਪਾਉਣ ਦੇਣਾ ਕੁਝ ਅਜੇਹੇ ਵਾਜਬ ਸਮਝੌਤੇ ਹਨ ਜਿਹੜੇ ਮਾਲਕ ਨੂੰ ਕਰਨੇ ਪੈ ਸਕਦੇ ਹਨ।

## ਸ਼ਿਕਾਇਤ ਦਰਜ ਕਰਨਾ

ਜੇ ਕਿਸੇ ਵਿਅਕਤੀ ਨੂੰ ਇਹ ਮਹਿਸੂਸ ਹੁੰਦਾ ਹੈ ਕਿ 'ਟਾਈਟਲ VII' ਦੀ ਅਵਹੇਲਨਾ ਕਰਦੇ ਹੋਏ ਉਸ ਨਾਲ ਵਿਤਕਰਾ ਕੀਤਾ ਗਿਆ ਹੈ ਤਾਂ ਉਹ 'ਈਕੁਅਲ ਐਂਪਲਾਇਮੈਂਟ ਅੱਪਰਚੁਨਿਟੀ ਕਮੀਸ਼ਨ' ਦੇ ਸਭ ਤੋਂ ਨਜ਼ਦੀਕੀ ਫੀਲਡ ਆਫਿਸ ਵਿਚ ਆਪਣੀ ਸ਼ਿਕਾਇਤ ਦਰਜ ਕਰਾ ਸਕਦਾ ਹੈ। ਜਿਹੜੇ ਲੋਕ ਅਜੇਹੀ ਸ਼ਿਕਾਇਤ ਦਰਜ ਕਰਾਂਦੇ ਹਨ, ਕੰਮ ਕਾਜ ਵਿਚ ਗੈਰ ਕੰਨੂਨੀ ਭੇਦ ਭਾਵ ਦਾ ਵਿਰੋਧ ਕਰਦੇ ਹਨ, ਕੰਮ ਕਾਜ ਵਿਚ ਭੇਦ ਭਾਵ ਸਬੰਧੀ ਕਾਰਵਾਈ ਵਿਚ ਹਿੱਸਾ ਲੈਂਦੇ ਹਨ ਜਾਂ ਕਿਸੇ ਹੋਰ ਢੰਗ ਨਾਲ ਇਸ ਕਮੀਸ਼ਨ ਦੁਆਰਾ ਲਾਗੂ ਕੀਤੇ ਕੰਨੂਨਾਂ ਦੇ ਅੰਤਰਗਤ ਆਪਣਾ ਹੱਕ ਜਤਾਂਦੇ ਹਨ, ਉਹਨਾਂ ਲੋਕਾਂ ਦੇ ਵਿਰੁੱਧ ਬਦਲੇ ਦੀ ਕਾਰਵਾਈ ਨਹੀਂ ਕੀਤੀ ਜਾ ਸਕਦੀ। EEOC ਸਬੰਧੀ ਵਿਵਾਦੀ ਵਤੀਰੇ ਜਾਂ ਕਾਰਵਾਈ ਦੀ ਸ਼ਿਕਾਇਤ ਘਟਨਾ ਦੀ ਤਾਰੀਖ ਤੋਂ 180 ਦਿਨਾਂ ਦੇ ਅੰਦਰ (ਜੇ ਸਟੇਟ ਦੀ ਫੇਅਰ ਐਂਪਲਾਇਮੈਂਟ ਪ੍ਰੈਕਟਿਸਿਜ਼ ਏਜੰਸੀ ਹੈ ਤਾਂ 300 ਦਿਨਾਂ ਦੇ ਅੰਦਰ) ਕਰਨੀ ਜ਼ਰੂਰੀ ਹੈ। ਫੀਲਡ ਆਫਿਸ ਪੂਰੇ ਅਮਰੀਕਾ ਵਿਚ ਥਾਂ ਥਾਂ ਤੇ ਬਣੇ ਹੋਏ ਹਨ। ਸਹੀ ਫੀਲਡ ਆਫਿਸ ਨਾਲ ਸਬੰਧ ਕਾਇਮ ਕਰਨ ਲਈ 1-800-669-4000 ਨੰਬਰ ਤੇ ਫੋਨ ਕਰੋ। EEOC ਦਾ TTY ਨੰਬਰ 1-800-669-6820 ਹੈ।

ਹੋਰ ਜਾਣਕਾਰੀ ਲਈ EEOC ਦੀ ਵੈਬ ਸਾਈਟ ਤੇ ਜਾਉ ਅਤੇ Facts about National Origin Discrimination ("ਮੂਲ ਦੇਸ ਆਧਾਰਤ ਵਿਤਕਰੇ ਬਾਰੇ ਤੱਥ") ਅਤੇ Facts about Religious Discrimination ("ਧਾਰਮਕ ਵਿਤਕਰੇ ਬਾਰੇ ਤੱਥ") ਪੜ੍ਹੋ। ਜਿਨ੍ਹਾਂ ਵਿਅਕਤੀਆਂ ਨੂੰ ਸਾਡਾ ਇਹ ਜਾਣਕਾਰੀ ਪੱਤਰ ਦੀ ਹਾਰਡ ਕਾਪੀ ਦੇ ਰੂਪ ਵਿਚ ਮਿਲਦਾ ਹੈ ਉਹ ਉਪਰ ਲਿਖੇ ਪਰਕਾਸ਼ਨਾਂ ਤਕ www.eeoc.gov ਰਾਹੀਂ ਪਹੁੰਚ